# ਮਹੱਤਵਪੂਰਨ ਜਾਣਕਾਰੀ

# ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਪਦਾਰਥਾਂ ਲਈ ਵਿਧਾਨ - ਪੜਾਅ 2

ਦੱਖਣੀ ਆਸਟ੍ਰੇਲੀਆ ਦੇ ਵਾਸੀ Single-use and Other Plastic Products (Waste Avoidance) Act 2020 ਦੇ ਪੜਾਅ 2 ਨਾਲ ਵਾਤਾਵਰਨ ਦੀ ਰੱਖਿਆ ਕਰਨ ਦੀ ਆਪਣੀ ਵਚਨਬੱਧਤਾ ਨੂੰ ਜਾਰੀ ਰੱਖ ਰਹੇ ਹਨ ਜੋ 1 ਮਾਰਚ, 2022 ਨੂੰ ਲਾਗੂ ਹੋਣ ਜਾ ਰਿਹਾ ਹੈ। ਹੁਣ ਸਮਾਂ ਹੈ ਤਿਆਰੀ ਕਰਨ ਦਾ ਤਾਂ ਜੋ ਅਸੀਂ ਆਪਣੇ 'ਸਾਫ਼ ਅਤੇ ਹਰੇ-ਭਰੇ' ਪ੍ਰਾਂਤ ਵਾਸਤੇ ਸਭ ਤੋਂ ਵਧੀਆ ਵਾਤਾਵਰਣਕ ਸਿੱਟੇ ਨੂੰ ਯਕੀਨੀ ਬਣਾ ਸਕੀਏ।

## ਇਸਦਾ ਤੁਹਾਡੇ ਵਾਸਤੇ ਕੀ ਮਤਲਬ ਹੈ।

1 ਮਾਰਚ, 2022 ਤੋਂ, ਐਕਸਪੈਂਡਿਡ ਪੋਲੀਸਟਰੀਨ ਦੇ ਕੱਪ, ਕਟੋਰੇ, ਪਲੇਟਾਂ, ਪਤਲੇ ਪਲਾਸਟਿਕ ਦੇ ਦੋ ਹਿੱਸਿਆਂ ਵਾਲੇ ਡੱਬੇ (ਕਲੈਮਸ਼ੈੱਲ ਕੰਟੇਨਰ) ਅਤੇ ਸਾਰੇ ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਪਲਾਸਟਿਕ ਉਤਪਾਦਾਂ ਦੀ ਵਿਕਰੀ, ਸਪਲਾਈ ਅਤੇ ਵਿਤਰਣ ਦੀ ਮਨਾਹੀ ਕਰ ਦਿੱਤੀ ਜਾਵੇਗੀ। ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਉਤਪਾਦਾਂ ਦੀ ਦੱਖਣੀ ਆਸਟ੍ਰੇਲੀਆ ਵਿੱਚ ਉਤਪਾਦਨ ਅਤੇ ਨਿਰਮਾਣ ਦੀ ਵੀ ਮਨਾਹੀ ਹੈ। ਕਈ ਵਰਜਿਤ ਚੀਜ਼ਾਂ ਨੂੰ ਮੁੜ-ਵਰਤਣਯੋਗ ਜਾਂ ਕੰਪੋਸਟ-ਯੋਗ ਵਿਕਲਪਾਂ ਨਾਲ ਬਦਲਿਆ ਜਾ ਸਕਦਾ ਹੈ ਅਤੇ ਹਰ ਕਿਸੇ ਨੂੰ ਮੁੜ-ਵਰਤਣਯੋਗ, ਨਵਿਆਉਣਯੋਗ ਅਤੇ ਕੰਪੋਸਟ-ਯੋਗ ਉਤਪਾਦਾਂ ਦੀ ਚੋਣ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਜਿੱਥੇ ਇਹ ਵਿਕਲਪ ਮੌਜੂਦ ਹਨ।

**ਐਕਸਪੈਂਡਿਡ ਪੌਲੀਸਟਰੀਨ ਦੇ ਉਤਪਾਦ**

ਐਕਸਪੈਂਡਿਡ ਪੌਲੀਸਟਰੀਨ ਉਤਪਾਦਾਂ ਦੇ ਵਿਕਲਪ ਉਪਲਬਧ ਹਨ। ਵਿਕਲਪਕ ਉਤਪਾਦਾਂ ਦੀਆਂ ਉਹਨਾਂ ਉਦਾਹਰਨਾਂ ਵਾਸਤੇ ਆਪਣੇ ਡਿਸਟ੍ਰੀਬਿਊਟਰ ਨਾਲ ਗੱਲ ਕਰੋ ਜਿਨ੍ਹਾਂ ਦੀ ਤੁਹਾਡਾ ਕਾਰੋਬਾਰ ਵਰਤੋਂ ਕਰ ਸਕਦਾ ਹੈ ਅਤੇ ਜੋ ਸਾਡੇ ਵਾਤਾਵਰਣ ਵਿੱਚ ਫਰਕ ਲਿਆਉਣਗੇ, ਕੂੜੇ ਨੂੰ ਘੱਟ ਕਰਨਗੇ ਅਤੇ ਦੱਖਣੀ ਆਸਟ੍ਰੇਲੀਆ ਵਿੱਚ 'ਕੂੜੇ ਨੂੰ ਬਦਲਣ' ਵਿੱਚ ਮਦਦ ਕਰਨਗੇ।



**ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਪਲਾਸਟਿਕ ਦੇ ਉਤਪਾਦ**

ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਪਲਾਸਟਿਕ ਉਤਪਾਦਾਂ ਵਿੱਚ ਕੁਝ ਵਾਧੂ ਪਦਾਰਥ (additives) ਹੁੰਦੇ ਹਨ ਜੋ ਪਲਾਸਟਿਕ ਨੂੰ ਸੂਖਮ ਟੁਕੜਿਆਂ ਜਾਂ ਮਾਈਕ੍ਰੋ-ਪਲਾਸਟਿਕਸ ਵਿੱਚ ਤੋੜ ਦਿੰਦੇ ਹਨ, ਜਿਨ੍ਹਾਂ ਦਾ ਪੂਰੀ ਤਰ੍ਹਾਂ ਵਿਘਟਨ ਨਹੀਂ ਹੁੰਦਾ।

ਇਸ ਕਿਸਮ ਦਾ ਪਲਾਸਟਿਕ ਆਮ ਤੌਰ ’ਤੇ ਅਜਿਹੀਆਂ ਚੀਜ਼ਾਂ ਵਿੱਚ ਵਰਤਿਆ ਜਾਂਦਾ ਹੈ ਜਿਵੇਂ:

- ਸੁਪਰਮਾਰਕੀਟ ਦੇ ਉਤਪਾਦਾਂ ਲਈ ਬੈਗ
- ਪਲਾਸਟਿਕ ਦੇ ਖ਼ਰੀਦਦਾਰੀ ਵਾਲੇ ਬੈਗ
- ਰਸਾਲਿਆਂ ਦੇ ਰੈਪ
- ਡ੍ਰਾਈ ਕਲੀਨਿੰਗ ਵਾਲੇ ਬੈਗ
- ਰਸੋਈ ਦੇ ਉਤਪਾਦ
    - ਕੂੜੇਦਾਨ ਦੇ ਲਾਈਨਰ
    - ਕੂੜੇ ਵਾਲੇ ਬੈਗ
    - ਕੇਕ ਉਪਰ ਕਰੀਮ ਪਾਉਣ ਵਾਲੇ ਪਾਈਪਿੰਗ ਬੈਗ
- ਪਾਲਤੂ ਜਾਨਵਰਾਂ ਦੇ ਉਤਪਾਦ
    - ਕੁੱਤੇ ਦੀ ਟੱਟੀ ਵਾਸਤੇ ਬੈਗ
    - ਬਿੱਲੀ ਲਈ ਮਲ-ਮੂਤਰ ਟਰੇਅ (litter tray) ਦੇ ਲਾਈਨਰ
- ਪੈਕਿੰਗ
    - ਬਬਲ ਰੈਪ
    - ਚਿਪਕੂ ਟੇਪ
    - ਪੈਡ ਲੱਗੇ ਲਿਫਾਫੇ




1 ਮਾਰਚ, 2022 ਤੋਂ, ਦੱਖਣੀ ਆਸਟ੍ਰੇਲੀਆ ਵਿੱਚ ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਪਲਾਸਟਿਕ ਦੇ ਉਤਪਾਦਾਂ ਨੂੰ ਵੇਚਣਾ, ਸਪਲਾਈ ਕਰਨਾ, ਵਿਤਰਣ ਕਰਨਾ, ਪੈਦਾ ਕਰਨਾ ਜਾਂ ਨਿਰਮਾਣ ਕਰਨਾ ਇੱਕ ਅਪਰਾਧ ਹੋਵੇਗਾ।

ਇਸ ਬਾਰੇ ਆਪਣੇ ਸਪਲਾਈ ਕਰਤਾਵਾਂ ਨਾਲ ਗੱਲ ਕਰੋ ਕਿ ਕੀ ਕੋਈ ਉਤਪਾਦ ਜਿਨ੍ਹਾਂ ਦਾ ਤੁਸੀਂ ਸਟਾਕ ਰੱਖਦੇ ਹੋ, ਉਹ ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਪਲਾਸਟਿਕ ਤੋਂ ਬਣਾਏ ਜਾਂਦੇ ਹਨ ਜਾਂ ਉਹਨਾਂ ਦੀ ਸੰਰਚਨਾ ਵਿੱਚ ਇਹ ਸ਼ਾਮਲ ਹੁੰਦਾ ਹੈ ਅਤੇ ਹੁਣ ਇਹਨਾਂ ਦੇ ਵਿਕਲਪਾਂ ਦਾ ਆਰਡਰ ਦਿਓ ਤਾਂ ਜੋ ਤੁਸੀਂ ਤਿਆਰ ਰਹਿ ਸਕੋ।

# ਤੁਹਾਨੂੰ ਕੀ ਕਰਨ ਦੀ ਲੋੜ ਹੈ।

ਐਕਸਪੈਂਡਿਡ ਪੌਲੀਸਟਰੀਨ ਜਾਂ ਨਾ-ਨਸ਼ਟ ਹੋਣ ਯੋਗ (ਔਕਸੋ-ਡੀਗ੍ਰੇਡਏਬਲ) ਪਲਾਸਟਿਕ ਚੀਜ਼ਾਂ ਦੇ ਕਿਸੇ ਯੋਜਨਾਬੱਧ ਆਰਡਰਾਂ ਦੀ ਸਮੀਖਿਆ ਕਰਕੇ, ਹੁਣ 1 ਮਾਰਚ, 2022 ਲਈ ਤਿਆਰੀ ਕਰਨ ਦਾ ਸਮਾਂ ਹੈ। ਪੁਰਾਣੇ ਸਟਾਕ ਨੂੰ 1 ਮਾਰਚ, 2022 ਤੋਂ ਬਾਅਦ ਨਹੀਂ ਵਰਤਿਆ ਜਾ ਸਕਦਾ ਅਤੇ ਉਸ ਤਾਰੀਖ਼ ਤੋਂ ਬਾਅਦ ਜੁਰਮਾਨੇ ਲਗਾਏ ਜਾ ਸਕਦੇ ਹਨ। ਵਿਕਲਪਾਂ ਦਾ ਆਰਡਰ ਦੇਣ ਲਈ ਹੁਣੇ ਆਪਣੇ ਸਪਲਾਈ ਕਰਤਾਵਾਂ ਨਾਲ ਗੱਲ ਕਰੋ, ਅਤੇ ਆਪਣੇ ਅਮਲੇ ਨੂੰ ਸਿੱਖਿਅਤ ਕਰਨਾ ਅਤੇ ਆਪਣੇ ਗਾਹਕਾਂ ਨੂੰ ਸੂਚਿਤ ਕਰਨਾ ਸ਼ੁਰੂ ਕਰੋ।

# ਸਹਾਇਤਾ ਅਤੇ ਸਲਾਹ।

ਸਾਨੂੰ +61 8 8204 2051 ’ਤੇ ਫ਼ੋਨ ਕਰੋ

ਇੱਕ ਵਾਰ ਵਰਤੇ ਜਾਂਦੇ ਪਲਾਸਟਿਕ ਪਦਾਰਥਾਂ ਵਾਸਤੇ ਸਲਾਹ ਲਈ ਦੱਖਣੀ ਆਸਟ੍ਰੇਲੀਆ ਸਰਕਾਰ ਨੂੰ ਇਸ ਪਤੇ ’ਤੇ ਈਮੇਲ ਕਰੋ: sup@sa.gov.au

ਸੁਝਾਏ ਗਏ ਵਿਕਲਪਾਂ, ਸਪਲਾਈ ਕਰਤਾਵਾਂ ਦੀਆਂ ਸੂਚੀਆਂ, ਸਹਾਇਤਾ ਸਮੱਗਰੀਆਂ ਅਤੇ ਹੋਰ ਜਾਣਕਾਰੀ ਵਾਸਤੇ www.replacethewaste.sa.gov.au ਦੇਖੋ।

REPLACE THE WASTE (ਕੂੜੇ ਨੂੰ ਬਦਲੋ)

replacethewaste.sa.gov.au

Government of South Australia

ਇਹ 100% ਨਵਿਆਉਣਯੋਗ ਕਾਗਜ਼ ਉੱਤੇ ਛਾਪਿਆ ਗਿਆ ਹੈ, ਕਿਰਪਾ ਕਰਕੇ ਵਰਤੋਂ ਤੋਂ ਬਾਅਦ ਨਵਿਆਓ ਯਾਨੀ ਕਿ ਰੀਸਾਈਕਲ ਕਰੋ।